228

# ਸ਼ੀਰਾਜ਼ਾ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

Scanned with OKEN Scanner

228

# ਸ਼ੀਰਾਜ਼ਾ



ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

Scanned with OKEN Scanner

**Sheeraza** R.N. No. 28873/76 September-October, 2021

(Punjabi)

ਸਾਲ : 52 ਅੰਕ : 6 ਕੁਲ ਅੰਕ : 228

*Editor-in-chief*

**Rahul Pandey** IAS

*Editor*

**Popinder Singh Paras**

J&K ACADEMY OF ART CULTURE & LANGUAGES

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਮੋਬਾਇਲ : 9906977731

**ਪ੍ਰਕਾਸ਼ਕ** : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ— 180 001

***Publisher*** : **Secretary, J&K Academy of Art, Culture and Languages JAMMU- 180 001**

**ਛਾਪਕ** : ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ — (01923)-220243, 94191-49293

**ਮੁੱਲ** : ਦਸ ਰੁਪਏ

**ਵਾਰਸ਼ਕ** : 50 ਰੁਪਏ

Scanned with OKEN Scanner

# ਤਤਕਰਾ


❑ **ਆਲੇਖ**

- ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਵ ਨੂੰ ਸਮ੍ਰਪਿਤ ਵਿਸ਼ੇਸ਼ ਅੰਕ : ਇਕ ਜਾਇਜ਼ਾ/ *ਡਾ. ਪ੍ਰੀਤਮ ਸਿੰਘ/1*
- ਸ਼ਮੀਲ ਦੀ ਕਾਵਿ-ਪੁਸਤਕ 'ਧੁੜ' ਦੀ ਪਾਠਗਤ ਪੜ੍ਹਤ/*ਡਾ. ਰਜਨੀ ਬਾਲਾ/7*
- ਕਲਾਮ ਬੁਲ੍ਹੇ ਸ਼ਾਹ : ਪਾਠਾਤਮਕ ਅਧਿਐਨ/*ਡਾ. ਮਨਜਿੰਦਰ ਸਿੰਘ, ਜਸਵੀਰ ਸਿੰਘ/23*
- ਬਲਦੇਵ ਸਿੰਘ ਰਚਿਤ ਨਾਵਲ 'ਲਾਲ ਬੱਤੀ'—ਇੱਕ ਅਧਿਐਨ/*ਡਾ. ਪ੍ਰਿਆ ਗੋਇਲ/34*
- ਮੁਹੱਬਤਾਂ ਵੰਡਦਾ ਸ਼ਾਇਰ ਵਿਸ਼ਵਨਾਥ 'ਦਿਲ'-ਸੰਖੇਪ ਜੀਵਨ ਝਾਤ/*ਹਰਜੀਤ ਸਿੰਘ ਉੱਪਲ/38*
- ਕਾਵਿ ਨਾਟਕ ਨੂਰਜਹਾਂ : ਮਨੋਵਿਸ਼ਲੇਸ਼ਣਾਤਮਕ ਅਧਿਐਨ/*ਜਸਵਿੰਦਰ ਸਿੰਘ/43*
- ਜੱਗ ਦੇ ਚਾਨਣ : ਗੁਰੂ ਨਾਨਕ ਦੇਵ ਜੀ/*ਹਰਮਿੰਦਰ ਸਿੰਘ/50*
- ਤਾਰਿਆਂ ਦੇ ਅੰਗ-ਸੰਗ ਦੀ ਕਾਵਿ-ਸੰਵੇਦਨਾ/*ਡਾ. ਗੁਰਜੀਤ ਕੌਰ/58*
- ਵੀਨਾ ਵਰਮਾ ਦੀ ਕਹਾਣੀ ਵਿਚ ਔਰਤ-ਹੋਂਦ ਦਾ ਸਮਸਿਆਕਾਰ : ਸਭਿਆਚਾਰਕ-ਯਾਦ ਦੇ ਪ੍ਰਸੰਗ ਵਿਚ/*ਰਮਨਦੀਪ ਕੌਰ/64*
- ਮੇਰਾ ਦਾਗਿਸਤਾਨ ਭਾਗ ਦੂਜਾ : ਵਿਭਿੰਨ ਪਸਾਰ/*ਡਾ. ਮਨਦੀਪ ਕੌਰ/70*
- ਧਾਮੀ ਦੀ ਕਹਾਣੀ "ਮੱਲ੍ਹਮ" ਵਿੱਚ ਵੰਡ ਦੇ ਹਾਲਾਤਾਂ ਤੋਂ ਉਪਜੇ ਸਮਾਜਿਕ ਤਾਣੇ-ਬਾਣੇ ਦਾ ਮੁਲੰਕਣ/*ਮਲਕੀਤ ਕੌਰ, ਪ੍ਰੋ. ਬਲਜੀਤ ਕੌਰ/79*
- ਪਾਲੀ ਭੁਪਿੰਦਰ ਦੇ ਨਾਟਕਾਂ ਦਾ ਨਾਟ-ਵਸਤੂ/*ਗੁਰਭੇਜ ਸਿੰਘ/83*
- ਸਮਕਾਲੀ ਮਾਰਕਸਵਾਦੀ ਪੰਜਾਬੀ ਕਾਵਿ ਆਲੋਚਨਾ : ਸੰਵਾਦ ਅਤੇ ਮੁਲਾਂਕਣ/ *ਡਾ. ਧਰਮਿੰਦਰ ਸਿੰਘ/91*
- ਸੁਰਿੰਦਰ ਨੀਰ ਦੀ ਕਹਾਣੀ 'ਲਾਚੀ' (ਔਰਤ ਦੀ ਸਥਿਤੀ ਅਤੇ ਆਂਚਲਿਕਤਾ ਦੇ ਸੰਦਰਭ 'ਚ)/ *ਅਮਨਪ੍ਰੀਤ ਕੌਰ/100*

❑ **ਕਹਾਣੀਆਂ**

- ਹਨੇਰੀ/*ਜੋਗਿੰਦਰ ਸਿੰਘ ਨਿਰਾਲਾ/104*
- ਸਪੇਸ/*ਬਲਜੀਤ ਸਿੰਘ ਰੈਨਾ/113*

❑ **ਕਾਵਿ ਰੂਪ**

- ਪੀੜ/*ਦਲੀਪ ਸਿੰਘ ਦੀਪਕ/122*
- ਕਵਿਤਾ/*ਪਿਆਰਾ ਸਿੰਘ ਧੰਜਲ/123*
- ਪੁਕਾਰ/*ਸੂਰਜ ਸਿੰਘ ਸੂਰਜ/124*
- ਔਰਤ ਦਾ ਦਰਦ/*ਹਰਦੀਪ ਬਾਵਾ/125*
- ਕਰਮ, ਤੂੰ ਤੇ ਮੈਂ/*ਜੰਗ ਐਸ. ਵਰਮਨ/126*

❑ **ਨਵੀਂਆਂ ਕਲਮਾਂ**

- ਧਰਮਗੁਰੂ : ਧਰਮ ਅਤੇ ਕਰਮ ਦੀ ਕਥਾ/*ਸਰਵਨ ਸਿੰਘ/128*


Scanned with OKEN Scanner

# ਧਾਮੀ ਦੀ ਕਹਾਣੀ "ਮੱਲ੍ਹਮ" ਵਿੱਚ ਵੰਡ ਦੇ ਹਾਲਾਤਾਂ ਤੋਂ ਉਪਜੇ ਸਮਾਜਿਕ ਤਾਣੇ-ਬਾਣੇ ਦਾ ਮੁਲੰਕਣ

❑ *ਮਲਕੀਤ ਕੌਰ
**ਪ੍ਰੋ. ਬਲਜੀਤ ਕੌਰ

ਕਹਾਣੀ ਬਿਰਤਾਂਤ ਰੂਪ ਦੀ ਇਕ ਮਹੱਤਵਪੂਰਨ ਵਿਧਾ ਹੈ। ਵਿਸ਼ਵ ਵਿੱਚ ਬਿਰਤਾਂਤ ਦੀ ਹੋਂਦ ਪੂਰਵ ਇਤਿਹਾਸ ਕਾਲ ਤੋਂ ਮੰਨੀ ਜਾਂਦੀ ਹੈ। ਮਨੁੱਖ ਵਿੱਚ ਬਿਰਤਾਂਤਕ ਸੰਵੇਦਨਾ ਦੇ ਮੁੱਢਲੇ ਬੀਜ ਉਸ ਸਮੇਂ ਪੈਦਾ ਹੋਣੇ ਸ਼ੁਰੂ ਹੋ ਗਏ ਸਨ ਜਦੋਂ ਉਸਨੂੰ ਭਾਸ਼ਾ ਚੇਤਨਾ ਆਈ। ਸੰਸਕ੍ਰਿਤ ਦੇ ਸ਼ਬਦ 'ਕਥਾ' ਦੀ ਵਰਤੋਂ ਪੰਜਾਬੀ ਕਹਾਣੀ ਲਈ ਮੱਧਕਾਲ ਵਿੱਚ ਕੀਤੀ ਜਾਂਦੀ ਸੀ। ਆਧੁਨਿਕ ਪੰਜਾਬੀ ਕਹਾਣੀ ਦੀ ਉਮਰ ਜੇ ਸਵਾ ਸਦੀ ਨਹੀਂ ਤਾਂ ਇਕ ਸਦੀ ਤੋਂ ਜ਼ਰੂਰ ਵੱਧੇਰੇ ਹੈ। ਆਧੁਨਿਕ ਯੁੱਗ ਵਿੱਚ ਪਰਿਵਰਤਨ ਦੀ ਤੇਜ਼ ਗਤੀ ਨੂੰ ਵੇਖਦਿਆਂ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਮੱਧਕਾਲ ਦੌਰਾਨ ਜੋ ਪਰਿਵਰਤਨ ਦਹਿਸਦੀ ਵਿਚ ਵੀ ਨਹੀਂ ਵਾਪਰਿਆ। ਆਧੁਨਿਕ ਕਾਲ ਵਿੱਚ ਉਸ ਤੋਂ ਕਿਤੇ ਵੱਧ ਤਬਦੀਲੀਆਂ ਇਕ ਸਦੀ ਵਿੱਚ ਆ ਗਈਆਂ। ਇਸ ਲਈ ਪੰਜਾਬੀ ਕਹਾਣੀ ਦੇ ਵਿਕਾਸ ਲਈ ਇਹ ਸਮਾਂ ਵੀ ਕੋਈ ਘੱਟ ਨਹੀਂ।

ਭਾਰਤ-ਪਾਕਿਸਤਾਨ ਵੰਡ ਵੀਹਵੀਂ ਸ਼ਤਾਬਦੀ ਦੀ ਇਤਿਹਾਸਿਕ-ਦੁਖਾਂਤਕ ਵੰਡ ਹੈ। ਸੰਸਾਰ ਦੀ ਇਕੋ-ਇਕ ਵੰਡ ਜਿਸ ਦਾ ਜ਼ਿਕਰ ਰਹਿੰਦੀ ਦੁਨੀਆਂ ਤੱਕ ਹੁੰਦਾ ਰਹੇਗਾ। ਲੱਖਾਂ ਲੋਕਾਂ ਦੇ ਤੋੜ-ਵਿਛੋੜੇ ਨਾਲ ਇਹ ਵੰਡ ਕਈ ਸਾਲਾਂ ਤੱਕ ਹਮਦਰਦੀ ਲਈ ਤੜਫ਼ਦੀ ਰਹੀ ਹੈ। ਮੇਰੇ ਇਸ ਪਰਚੇ ਦਾ ਵਿਸ਼ਾ ਵੀ ਭਾਰਤ-ਪਾਕਿਸਤਾਨ ਵੰਡ ਹੀ ਹੈ। ਮੈਂ ਸਾਂਵਲ ਧਾਮੀ ਦੀ ਕਹਾਣੀ **"ਮੱਲ੍ਹਮ"** ਜੋ ਕਿ 2007 ਵਿੱਚ "ਸਿਰਜਣਾ" ਵਿੱਚ ਪ੍ਰਕਾਸ਼ਿਤ ਹੋਈ ਤੇ ਬਾਅਦ ਵਿੱਚ **"ਤੂੰ ਨਿਹਾਲਾ ਨਾ ਬਣੀਂ"** ਕਹਾਣੀ ਸੰਗ੍ਰਹਿ ਵਿੱਚ ਛੱਪੀ। ਸਾਂਵਲ ਧਾਮੀ ਨਾਮਵਰ ਪੰਜਾਬੀ ਕਹਾਣੀਕਾਰ ਹਨ। ਇਨ੍ਹਾਂ ਦਾ ਇਕ ਗ਼ਜ਼ਲ ਸੰਗ੍ਰਹਿ ਵੀ ਛੱਪ ਚੁਕਾ ਹੈ। 'ਮੱਲ੍ਹਮ', 'ਸੁਖਮਣੀ', 'ਪੁੱਲ' ਅਤੇ 'ਗਾਈਡ' ਇਨ੍ਹਾਂ ਦੀਆਂ ਚਰਚਿਤ ਕਹਾਣੀਆਂ ਵਿੱਚੋਂ ਮੁੱਖ ਹਨ। 2014 ਵਿੱਚ ਇਨ੍ਹਾਂ ਨੂੰ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਵੀਡੀਓ ਇੰਟਰਵਿਊਆਂ ਰਾਹੀਂ ਪੰਜਾਬ ਦੀ ਵੰਡ ਦੀਆਂ ਅਣਕਹੀਆਂ ਕਹਾਣੀਆਂ ਨੂੰ ਸੰਗ੍ਰਹਿਤ ਕਰਨ ਲਈ ਅੰਮ੍ਰਿਤਾ ਪ੍ਰੀਤਮ ਜਨਮ ਸ਼ਤਾਬਦੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਮੇਰੇ ਖੋਜ-ਪੱਤਰ ਦਾ ਵਿਸ਼ਾ ਸਾਂਵਲ ਧਾਮੀ ਦੀ ਕਹਾਣੀ "ਮੱਲ੍ਹਮ" ਵਿੱਚ ਦੇਸ਼-ਵੰਡ ਦੇ ਹਾਲਾਤਾਂ ਤੋਂ ਉਪਜੇ ਸਮਾਜਿਕ ਤਾਣੇ-ਬਾਣੇ ਦਾ ਮੁਲੰਕਣ ਹੈ ਅਤੇ ਇਸਦਾ ਉਦੇਸ਼ ਸਾਂਵਲ

* *ਖੋਜਾਰਥਨ, ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ*
** *ਮੁੱਖੀ, ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ*



Scanned with OKEN Scanner

ਧਾਮੀ ਦੀ ਕਹਾਣੀ "ਮੱਲ੍ਹਮ" ਵਿੱਚ ਪੈਦਾ ਹੋਏ ਸਮਾਜਿਕ ਸਰੋਕਾਰ, ਰਿਸ਼ਤਿਆਂ ਦੇ ਦਰਦ, ਆਪਸੀ ਭਾਈਚਾਰੇ ਦਾ ਟੁੱਟਦਾ ਤਾਣਾ-ਬਾਣਾ, ਵਿਛੋੜਿਆਂ ਦਾ ਸੰਤਾਪ, ਨਫ਼ਰਤਾਂ ਤੇ "ਮੱਲ੍ਹਮ" ਲਾਉਣਾ ਅਤੇ ਫਿਰਕਾ ਪ੍ਰਸਤੀ ਨੂੰ ਠੱਲ ਪਾਉਣਾ ਦਾ ਅਧਿਐਨ ਕਰਨਾ ਰਹੇਗਾ। "ਮਲ੍ਹਮ" ਕਹਾਣੀ ਰਾਹੀਂ ਕੁਝ ਸਵਾਲ ਜਿਵੇਂ ਕਿ ਉਸ ਵਕਤ ਸਮਾਜ ਦਾ ਤਾਣਾ-ਬਾਣਾ ਕਿਵੇਂ ਟੁੱਟ ਗਿਆ। ਦੂਸਰਾ ਸਵਾਲ ਸਮਾਜ ਦੇ ਜ਼ਖ਼ਮਾਂ ਤੇ "ਮੱਲ੍ਹਮ" ਦਾ ਕੀ ਅਸਰ ਰਿਹਾ ਅਤੇ ਤੀਜਾ ਸਵਾਲ ਸਮਕਾਲੀ ਪ੍ਰਵੇਸ਼ ਵਿਚ ਰਿਸ਼ਤਿਆਂ ਦਾ ਟੁੱਟਣਾ ਤੇ ਜੁੜਨਾ ਕਿਸ ਤਰ੍ਹਾਂ ਹੋਇਆ। ਸਾਂਵਲ ਧਾਮੀ ਦੀਆਂ ਕਹਾਣੀਆਂ ਵਿੱਚ ਇਸ ਦੁਖਾਂਤਕ ਵੰਡ ਦਾ ਵਰਣਨ ਰੂਪਾਂਤਰਿਤ ਹੋ ਜਾਂਦਾ ਹੈ। ਧਾਮੀ ਦੀ ਕਹਾਣੀਆਂ ਵਿਚਲੇ ਪਾਤਰ ਇਸ ਕਾਲੇ ਦੌਰ ਦੇ ਮੁੱਖ ਗਵਾਹ ਬਣ ਉਭਰਦੇ ਹਨ। ਕਹਾਣੀਆਂ ਵਿੱਚ ਸੰਵੇਦਨਹੀਣਤਾ, ਆਪਸੀ ਭਾਈਚਾਰਕ ਸਾਂਝ, ਜਾਣ-ਪਹਿਚਾਣ ਵਾਲੇ ਲੋਕਾਂ ਨੂੰ ਆਪਣੀ ਜ਼ਮੀਨ ਨੂੰ ਛਿੱਕੇ ਟੰਗ ਦੇ, ਵਿਸਥਾਪਿਤ ਹੁੰਦੇ ਪਰਿਵਾਰਾਂ ਤੇ ਕਹਿਰ ਬਣ ਕੇ ਟੁੱਟਦਾ ਹੈ। ਇਹ ਕਹਾਣੀਆਂ ਸੱਚ ਦੇ ਨੇੜੇ ਹੋ ਨਿਬੜਦੀਆਂ ਹਨ।

ਸਮੇਂ ਸਾਰੇ ਦੁੱਖ-ਦਰਦਾਂ ਨੂੰ ਸੰਭਾਲ ਲੈਂਦਾ ਹੁੰਦਾ ਹੈ। ਪਰ ਉਸ ਵੇਲੇ ਦੇ ਜ਼ਖ਼ਮ ਸਦੀਆਂ ਤੱਕ ਠੀਕ ਹੋਣ ਲਈ ਸਹਿਕਦੇ ਰਹਿਣਗੇ। ਸਾਂਵਲ ਧਾਮੀ ਦੀ ਕਹਾਣੀ "ਮਲ੍ਹਮ" ਵੰਡ ਦੇ ਦੁਖੜੇ ਦੀ ਮਿਸਾਲ ਹੀ ਨਹੀਂ ਸਗੋਂ ਇਕ ਸਮਾਜਿਕ ਵਰਤਾਰੇ ਦੀ ਭਰਵੀਂ ਗਾਥਾ ਹੈ। ਜਿਸ ਵਿਚ ਚੰਗੇ ਮਾੜੇ ਬੰਦਿਆਂ ਦਾ ਸਮੇਂ ਨਾਲ ਕੀ ਮੇਲ ਹੈ ਦੀ ਸਮਝ ਆਉਂਦੀ ਹੈ। "ਮਲ੍ਹਮ" ਸਿਰਫ਼ ਜ਼ਖ਼ਮ ਠੀਕ ਹੀ ਨਹੀਂ ਕਰਦੀ ਬਲਕਿ ਇਕ ਸਮਾਜਿਕ ਪੁੱਲ ਦਾ ਕੰਮ ਵੀ ਕਰਦੀ ਹੈ। ਜਿਸ ਰਾਹੀਂ ਵਿਛੋੜੇ ਦਾ ਦਰਦ ਘਟਦਾ ਨਜ਼ਰ ਆਉਂਦਾ ਹੈ। ਜਵਾਨੀ ਦੀ ਲੋਰ ਬੁਢਾਪੇ ਵਿੱਚ ਕਿਵੇਂ ਸਾਵੀਂ ਹੋ ਕੇ ਬੀਤੇ ਵੇਲਿਆਂ ਦੇ ਪਰਛਾਵੇਂ ਵਿੱਚ ਰੁੜਦੀ ਹੈ ਦਾ ਜ਼ਿਕਰ ਧਾਮੀ ਦੀਆਂ ਕਹਾਣੀਆਂ ਵਿੱਚੋਂ ਮਿਲਦਾ ਹੈ। "ਮਲ੍ਹਮ" ਡੂੰਘੀ ਅਤੇ ਸਿਰਜਣਾਤਮਕ ਪੱਖੋਂ ਇਕ ਲਾ-ਜਵਾਬ ਕਹਾਣੀ ਹੈ। ਕਿਵੇਂ ਚੰਗੇ ਰੁਤਬੇ ਵਾਲੇ ਲੋਕ ਸਮੇਂ ਦੇ ਵਹਿਣ ਨਾਲ ਕੱਖੋਂ ਹੌਲੇ ਹੋ ਜਾਂਦੇ ਨੇ। ਕਹਾਣੀ ਵਿੱਚਲਾ ਦਰਦ ਹਿੰਦੂ, ਸਿੱਖ, ਮੁਸਲਮਾਨ ਦਾ ਸਾਂਝਾ ਦਰਦ ਮਹਿਸੂਸ ਕਰਵਾਉਂਦਾ ਹੈ। ਕਹਾਣੀਕਾਰ ਕਹਾਣੀਆਂ ਵਿੱਚ ਸੂਖਮ ਢੰਗ ਨਾਲ ਚਰਿਤਰ ਚਿਤਰਣ ਕਰਦਾ ਹੈ। ਫਜ਼ਲਾ "ਮੱਲ੍ਹਮ" ਕਹਾਣੀ ਵਿੱਚ ਆਪਣੀ ਪੁਰਾਣੀ ਸਾਥੀ ਰਾਹੀਂ ਬੁਰੇ ਦੌਰ ਦੇ ਵਿੱਚ ਆਪਣੇ ਆਪ ਨੂੰ ਜ਼ਮੀਰ ਜਗਾਉਣ ਦਾ ਕੰਮ ਵੀ ਕਰਦਾ ਹੈ। ਚਾਲ੍ਹੀ ਸਾਲ ਬਾਅਦ ਵੀ ਉਹ ਆਪਣੇ ਪਹਿਲੇ ਪਿਆਰ ਨੂੰ ਯਾਦ ਕਰਦਾ ਹੈ। ਨਾਰੂ-ਨੰਗਲ ਕਸਬੇ ਦੇ ਰੰਗ-ਰੂਪ, ਚਿੰਨ੍ਹ ਅਤੇ ਉਹ ਯਾਦਾਂ ਦੇ ਸਰਮਾਏ ਦੇ ਰੂਪ ਵਿੱਚ ਵੰਡ ਦੀਆਂ ਜੂਹਾਂ ਤੱਕ ਲੈ ਆਉਂਦਾ ਹੈ। ਮਿੰਦਰ ਸਭ ਕੁਝ ਲੁੱਟ ਕੇ ਵੀ ਖਾਲੀ ਹੈ। ਆਪਸੀ ਰਿਸ਼ਤੇ ਤਾਰ ਤਾਰ ਹੁੰਦੇ ਮੀਏਂ ਦੇ ਇਸ ਸੰਵਾਦ ਤੋਂ ਪਤਾ ਲੱਗਦਾ ਹੈ "ਹਿੰਦੂ ਸਿਖਾਂ ਤੇ ਬਿਲਕੁਲ ਵਿਸ਼ਵਾਸ ਨਾ ਕੀਤਾ ਜਾਏ। ਦੂਜੀ ਗੱਲ, ਲੜਾਈ ਲਈ ਹਮੇਸ਼ਾ ਤਿਆਰ ਰਹੋ। ਹਥਿਆਰ ਨਹੀਂ ਤਾਂ ਰੋੜੇ-ਬਟੇ ਈ ਕੱਠੇ ਕਰੋ। ਤੀਸਰੀ ਗੱਲ, ਔਰਤਾਂ ਘਰੋਂ ਬਿਲਕੁਲ ਬਾਹਰ ਪੈਰ ਨਾ ਪਾਉਣ ਤੇ ਮਰਦ ਵੀ ਕੁਝ ਦਿਨਾਂ ਲਈ ਪਿੰਡੋਂ ਬਾਹਰ ਨਾ ਜਾਣ। ਚੌਥੀ ਗੱਲ, ਬੜੇ ਹੀ ਖੁਫੀਆ ਢੰਗ ਨਾਲ ਨੇੜਲੇ ਪਿੰਡਾਂ ਦੇ ਹਮ-ਮਜ਼ਬੀਆਂ ਨਾਲ਼ ਰਾਬਤਾ ਕਾਇਮ ਕਰਕੇ ਸਾਂਝੀ ਕਾਰਵਾਈ ਲਈ ਵਿਚਾਰ ਕੀਤੀ ਜਾਏ। ਪਹਿਰਾ ਬਿਲਕੁਲ ਲਾਜ਼ਮੀ ਏ। ਖੂਹ ਦੀ ਖਾਸ ਤੌਰ ਤੇ ਰਾਖੀ ਕੀਤੀ ਜਾਏ। ਪਿੰਡ ਛੱਡਣ ਬਾਰੇ...।"

"ਮੱਲ੍ਹਮ" ਕਹਾਣੀ ਭਾਰਤ-ਪਾਕਿਸਤਾਨ ਦੀ ਵੰਡ ਦਾ ਮੁੱਖ ਬਿੰਦੂ ਹੈ। ਇਸ ਵਿੱਚ ਸਮੂਹ ਹਿੰਸਕ ਘਟਨਾਵਾਂ ਦਾ ਦਰਦ ਹੈ। ਸਭਿਆਚਾਰ ਦੀ ਸਾਂਝ ਹੋਣ ਦੇ ਬਾਵਜੂਦ ਵੀ ਧਾਰਮਿਕਤਾ



Scanned with OKEN Scanner

ਦੀ ਲੇਫ ਨਾਲ ਉਘੜਦੀ ਹੈ। ਸਾਂਵਲ ਧਾਮੀ ਦੀ ਇਸ ਕਹਾਣੀ ਨੇ ਉਸ ਨੂੰ ਇਕ ਬਹੁਤ ਵੱਡਾ ਕਹਾਣੀਕਾਰ ਬਣਾ ਦਿੱਤਾ ਹੈ। ਕਹਾਣੀਆਂ ਦੇ ਪਾਤਰ ਅਸਲ ਜ਼ਿੰਦਗੀ ਵਿੱਚ ਹੋਣ ਕਾਰਨ ਲੋਕੀ ਆਪਣਾ ਕਸੂਰ ਲੱਭਣ ਦੀ ਕੋਸ਼ਿਸ਼ ਵੀ ਕਰਦੇ ਹਨ। ਪਾਤਰਾਂ ਨਾਲ ਸਾਂਝ ਦੀ ਜਦੋਂ ਪੁਸ਼ਟੀ ਹੁੰਦੀ ਹੈ ਫਿਰ ਵੀ ਕਿਉਂ ਇਕ ਦੂਜੇ ਦੇ ਵੈਰੀ ਹੋ ਨਿਬੜਦੇ ਹਨ। ਸਮਾਂ ਬੜਾ ਬਲਵਾਨ ਹੈ। ਕਿਸੇ ਨੂੰ ਉਜਾੜ ਕੇ ਕੋਈ ਆਬਾਦ ਨਹੀਂ ਹੋ ਸਕਦਾ। ਇਹ ਕਥਨ ਪੂਰੇ ਜ਼ਮੀਰ ਦੇ ਵਿੱਚ ਸੱਚ ਦਾ ਵਿਖਾਵਾ ਕਰਦਾ ਹੈ। ਸਮੇਂ ਦੇ ਚੱਕਰ ਵਿੱਚ ਪਿਸਦਾ ਮਨੁੱਖ ਆਪਣੀਆਂ ਕੀਤੀਆਂ ਤੇ ਪਰਦਾ ਪਾਉਂਦਾ ਹੈ ਪਰ ਤਮਾਮ ਉਮਰ ਭੋਗਦਾ ਹੈ। ਸਾਂਵਲ ਧਾਮੀ ਨੇ ਇਸ ਕਹਾਣੀ ਰਾਹੀਂ ਉਜੜੇ ਘਰਾਂ ਦੇ ਦਰਦ ਨੂੰ ਉਘਾੜਿਆ ਹੈ। ਜਿਵੇਂ ਨਫ਼ੀਸਾ ਤੋਂ ਜੋਗਿੰਦਰ ਕੌਰ ਮੁੜ ਨਫ਼ੀਸਾ ਬਣਨ ਦਾ ਸਫ਼ਰ ਤੈਅ ਕਰਦੀ ਹੈ। ਇਸ ਕਹਾਣੀ ਵਿੱਚ ਸਮੇਂ ਦੀ ਤੋਰ ਨੂੰ ਹਾਲਾਤਾਂ ਦੇ ਮੱਦੇ ਨਜ਼ਰ ਕਰਦੀ ਹੈ। ਰੱਬ ਬਦਲਿਆਂ ਦੇਰ ਨਹੀਂ ਲਗਦੀ, ਕਿਸੇ ਦਾ ਵਾਹਿਗੁਰੂ ਅੱਲ੍ਹਾ ਹੋ ਗਿਆ ਤੇ ਕਿਸੇ ਦਾ ਅੱਲ੍ਹਾ ਵਾਹਿਗੁਰੂ ਹੋ ਗਿਆ ਸਮੇਂ ਦੇ ਗੇੜ ਤੋਂ।

ਨਫ਼ੀਸਾ ਆਪਣੇ ਜੀਉਂਦੇ ਹੋਣ ਦਾ ਭਰਮ ਰੱਖਣਾ ਚਾਹੁੰਦੀ ਹੈ। ਪਾਕਿਸਤਾਨ ਮਿਲਣ ਆਈ ਫਜ਼ਲੇ ਨੂੰ ਦੱਬੀਆਂ ਖਵਾਹਿਸ਼ਾਂ ਰਾਹੀਂ ਹੀ ਰਹਿਣ ਲਈ ਕਹਿੰਦੀ ਹੈ, ਇਸ ਤੋਂ ਵੱਡਾ ਦੁੱਖ ਹੋਰ ਕੀ ਹੋ ਸਕਦਾ ਹੈ। ਵੰਡ ਸਿਰਫ਼ ਜ਼ਮੀਨੀ ਵੰਡ ਹੀ ਨਹੀਂ ਸੀ ਸਗੋਂ ਕਦਰਾਂ-ਕੀਮਤਾਂ, ਜ਼ਮੀਰ ਆਦਿ ਦੀ ਵੀ ਵੰਡ ਸੀ। ਸਾਂਵਲ ਧਾਮੀ ਨੇ ਵੰਡ ਦੇ ਦੁਖੜੇ ਅਧੀਨ ਉਸ ਸਮੇਂ ਨੂੰ ਮੁੜ ਸੁਰਜੀਤ ਕਰਕੇ ਲੋਕਾਂ ਨੂੰ ਮਿਲਾਉਣ ਦਾ ਹੀਲਾ ਵੀ ਕੀਤਾ ਹੈ।ਬਚਪਨ ਦੀਆਂ ਯਾਦਾਂ ਵਿੱਚ ਗੁਆਚੇ ਉਨ੍ਹਾਂ ਪਲਾਂ ਨੂੰ ਆਪਣੀਆਂ ਕਹਾਣੀਆਂ ਰਾਹੀਂ ਜ਼ਿੰਦਗੀ ਦੇ ਅਖੀਰਲੇ ਮੋੜ ਤੇ ਉਨ੍ਹਾਂ ਲੋਕਾਂ ਨੂੰ ਦਿਲ ਦਾ ਗੁਬਾਰ ਬਾਹਰ ਕੱਢਣ ਲਈ ਵੀ ਪ੍ਰੇਰਿਤ ਕੀਤਾ ਹੈ। ਦੁੱਖ ਦੇ ਦਰਿਆ ਨੂੰ ਆਪਣੇ ਸਾਹਿਤਕ ਰੰਗ ਰਾਹੀਂ ਲੋਕਾਂ ਦੇ ਮੂਹਰੇ ਰੱਖਿਆ ਹੈ। ਸਾਂਵਲ ਧਾਮੀ ਦੀ ਕਹਾਣੀ "ਮੱਲ੍ਹਮ" ਰਾਹੀਂ ਇੰਝ ਮਹਿਸੂਸ ਹੁੰਦਾ ਹੈ ਕਿ ਕਿਵੇਂ ਉਹ ਆਪ ਉਸ ਸਮੇਂ ਵਿੱਚ ਵਿਚਰ ਰਿਹਾ ਹੋਵੇ। ਉਸਨੇ ਬੜੇ ਹੀ ਸੂਖਮ ਢੰਗ ਨਾਲ ਹਰ ਘਟਨਾ ਨੂੰ ਆਪਣੇ ਸ਼ਬਦਾਂ ਰਾਹੀਂ ਚਿਤਰਿਤ ਕੀਤਾ ਹੈ। ਇਕ ਮੁਕੰਮਲ ਕਹਾਣੀਕਾਰ ਦੀ ਨਿਸ਼ਾਨੀ ਹੈ ਕਿ ਉਹ ਪੜਨ ਵਾਲੇ ਨੂੰ ਨਾਲ-ਨਾਲ ਤੋਰ ਲਵੇ ਤੇ ਪਤਾ ਵੀ ਨਾ ਲਗਣ ਦਵੇ ਕਿ ਕਿਵੇਂ ਉਹ ਉਸ ਕਹਾਣੀ ਦਾ ਇਕ ਪਾਤਰ ਬਣ ਗਿਆ ਹੋਵੇ। ਸਮੇਂ ਦਾ ਪੁੱਠਾ ਗੇੜ ਸ਼ੁਰੂ ਹੁੰਦਾ ਹੈ ਜਦੋਂ ਫਜ਼ਲਾ ਧੰਨੇ ਨੂੰ ਮਿਲਣ ਜਾਂਦਾ ਹੈ, ਉਹੀ ਧੰਨਾ ਜਿਹੜਾ ਜੱਥਾ ਬਣਕੇ ਕਤਲੋਗਾਰਤ ਕਰਦਾ ਸੀ। ਅੱਜ ਆਪਣੀ ਧੀ ਦੇ ਦੁੱਖ ਵਿੱਚ ਰੁੜ ਰਿਹਾ ਸੀ। ਕਿਵੇਂ ਉਸ ਨੇ ਉਸ ਦੀ ਮਾਂ ਨੂੰ ਚੁੱਕ ਕੇ ਲਿਆਂਦਾ ਤੇ ਕਿਵੇਂ ਉਸ ਦੇ ਟੱਬਰ ਨੂੰ ਸਭ ਕੁਝ ਗੁਆਉਣਾ ਪਿਆ। ਇਸ ਦਾ ਮਤਲਬ ਇਹ ਨਹੀਂ ਕਿ ਸਮੇਂ ਨੇ ਬਦਲਾ ਲਿਆ, ਪਰ ਬੁਰੇ ਕੰਮ ਦਾ ਹਸ਼ਰ ਮਾੜਾ ਹੀ ਹੁੰਦਾ ਹੈ। ਧਾਮੀ ਦੀ ਲੇਖਣੀ ਕਮਾਲ ਦੀ ਹੈ। ਕਹਾਣੀ ਕਿਤੇ ਵੀ ਪਾੜਾ ਨਹੀਂ ਛੱਡਦੀ। ਲੋਕਾਂ ਦੇ ਅੰਦਰ ਪਲਦੇ ਵਹਿਸ਼ੀਪਨ ਨੂੰ ਬਾਹਰ ਆਉਣ ਲਈ ਥੋੜੀ ਜਿਹੀ ਅੱਗ ਦੀ ਲੋੜ ਹੀ ਕਾਫ਼ੀ ਹੁੰਦੀ ਹੈ।

ਸਾਂਵਲ ਧਾਮੀ ਦੀ ਕਹਾਣੀ "ਮੱਲ੍ਹਮ" ਵਿੱਚੋਂ ਉਪਜੇ ਸਵਾਲ ਜਿਵੇਂ ਕਿ ਉਸ ਵਕਤ ਸਮਾਜ ਦਾ ਤਾਣਾ-ਬਾਣਾ ਟੁੱਟ ਗਿਆ। ਮੇਰੇ ਖੋਜ ਪੱਤਰ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਪਿੰਡ ਨਾਰੂ-ਨੰਗਲ ਦੇ ਵਸਨੀਕ ਵੱਖ-ਵੱਖ ਮਜ਼ਬਾਂ ਜਾਤਾਂ ਦੇ ਹੋਣ ਦੇ ਬਾਵਜੂਦ ਵੀ ਮਿਲਵਰਤਨ ਨਾਲ ਰਹਿੰਦੇ ਸਨ ਪਰ ਵੰਡ ਦੇ ਉਪਜੇ ਮਹੌਲ ਨੇ ਸਾਰਾ ਤਾਣਾ-ਬਾਣਾ ਤੋੜ ਦਿੱਤਾ। ਨਫ਼ਰਤਾਂ ਤੇ ਵੈਰ ਨੇ ਰਿਸ਼ਤਿਆਂ ਦੀ ਕੋਈ ਕਦਰ ਨਹੀਂ ਪਾਈ। ਜਿੰਨ੍ਹਾਂ ਤੇ ਭਰੋਸਾ ਸੀ, ਉਹਨਾਂ ਨੇ ਹੀ



Scanned with OKEN Scanner

ਇਕ ਦੂਜੇ ਨੂੰ ਕੱਟਿਆ ਵੱਡਿਆ ਹੈ। ਇਸ ਦੇ ਨਾਲ ਦੂਜੇ ਸਵਾਲ ਸਮਾਜ ਦੇ ਜ਼ਖ਼ਮਾਂ ਤੇ "ਮੱਲ੍ਹਮ" ਦਾ ਕੀ ਅਸਰ ਰਿਹਾ ਤੇ ਇਹ ਕਿਹਾ ਜਾ ਸਕਦਾ ਹੈ ਕਿ ਜਿਵੇਂ ਜ਼ਖ਼ਮਾਂ ਤੇ "ਮੱਲ੍ਹਮ" ਲਗਾਉਣ ਨਾਲ ਜ਼ਖ਼ਮ ਭਰ ਜਾਂਦੇ ਨੇ, ਇਸੇ ਤਰ੍ਹਾਂ ਆਪਸੀ ਰਿਸ਼ਤਿਆਂ ਦੇ ਪਿਆਰ ਅਤੇ ਕਦਰ ਦੇ ਨਾਲ ਟੁੱਟੇ ਰਿਸ਼ਤਿਆਂ ਨੂੰ "ਮੱਲ੍ਹਮ" ਦੀ ਤਰ੍ਹਾਂ ਵੇਖਿਆ ਜਾ ਸਕਦਾ ਹੈ ਜੋ ਵਕਤ ਨਾਲ ਹੌਲੀ-ਹੌਲੀ ਠੀਕ ਹੋ ਜਾਂਦੇ ਹਨ। ਇਸੇ ਤਰ੍ਹਾਂ ਤੀਜੇ ਸਵਾਲ ਸਮਕਾਲੀ ਪ੍ਰਵੇਸ਼ ਵਿੱਚ ਰਿਸ਼ਤਿਆਂ ਦਾ ਟੁੱਟਣਾ ਤੇ ਜੁੜਣਾ ਕਿਸ ਤਰ੍ਹਾਂ ਹੋਇਆ, "ਮੱਲ੍ਹਮ" ਕਹਾਣੀ ਵਿੱਚ ਵਾਪਰੀਆਂ ਵੱਖ-ਵੱਖ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਪਾਕਿਸਤਾਨ ਬਣਨ ਤੇ ਕਰਮੁਦੀਨ ਦਾ ਟੱਬਰ ਨਾਰੂ-ਨੰਗਲ ਨੂੰ ਚਲਾ ਜਾਂਦਾ ਹੈ। ਜਿਸ ਪਿੰਡ ਵਿੱਚ ਸਭ ਕੁਝ ਗਵਾ ਕੇ ਕਰਮੁਦੀਨ ਦਾ ਪੁੱਤਰ ਫਜ਼ਲ ਮੁੜ ਨਾਰੂ-ਨੰਗਲ ਪਰਤਦਾ ਹੈ ਤਾਂ ਪਿੰਡ ਵਾਲਿਆਂ ਦਾ ਮੋਹ ਤੇ ਪਿਆਰ ਉਸ ਨੂੰ ਆਪਣੇ ਅੱਬਾ ਦੇ ਜ਼ਖ਼ਮਾਂ ਤੇ ਲਾਉਣ ਵਾਲੀ "ਮੱਲ੍ਹਮ" ਦਾ ਚੇਤਾ ਆਉਂਦਾ ਹੈ। ਜੋ ਕਿ ਨਾਲ ਲਿਆਉਂਦੀ "ਮੱਲ੍ਹਮ" ਨਾਰੂ-ਨੰਗਲ ਦੇ ਲੋਕਾਂ ਨੂੰ ਵੰਡ ਕੇ ਆਪਣੇ ਮੋਹ ਤੇ ਪਿਆਰ ਦਾ ਜਜ਼ਬਾ ਦਰਸਾਉਂਦਾ ਹੈ। ਜਿਸ ਕਾਰਨ ਫਿਰ ਰਿਸ਼ਤੇ ਜੁੜਨ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਸਾਂਵਲ ਧਾਮੀ ਦੀ ਕਹਾਣੀ "ਮੱਲ੍ਹਮ" ਟੁੱਟਦੇ ਤੇ ਜੁੜਦੇ ਰਿਸ਼ਤਿਆਂ ਦੀ ਦਾਸਤਾਨ ਹੈ, ਜੋ ਪੰਜਾਬੀ ਸਾਹਿਤ ਵਿੱਚ ਇਕ ਵੱਖਰੀ ਪਛਾਣ ਰਖਦੀ ਹੈ।

### ਹਵਾਲੇ


1. ਸਾਂਵਲ ਧਾਮੀ, **ਤੂੰ ਨਿਹਾਲਾ ਨਾ ਬਣੀਂ**, ਪੰਨੇ 124-125.
2. ਪ੍ਰੋ. ਬਲਦੇਵ ਸਿੰਘ ਧਾਲੀਵਾਲ, **ਪੰਜਾਬੀ ਕਹਾਣੀ ਦਾ ਇਤਿਹਾਸ**, ਪੰਨੇ 19-20.


★



Scanned with OKEN Scanner

Regd. No. 28873/76
ISSN 2319-5053
UGC Approved

Sept.–Oct. 2021

Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu

Scanned with OKEN Scanner